# THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:-ਪੀ.ਐਸ.ਬੀ./ਆਈ.ਟੀ./17/1767 ਅਤਿ ਜ਼ਰੂਰੀ ਮਿਤੀ: 12.7.17

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਪ੍ਰੀਖਿਆ ਕੇਂਦਰ (ਐਨ.ਸੀ.ਵੀ.ਟੀ ਸਕੀਮ ਅਧੀਨ),
ਪੰਜਾਬ ਰਾਜ ਅਧੀਨ।

ਵਿਸ਼ਾ: ਜੁਲਾਈ 2017 ਦੀ ਪ੍ਰੀਖਿਆ ਲਈ ਓ.ਐਮ.ਆਰ ਸ਼ੀਟਾਂ/ਉਤਰਕਾਪੀਆਂ/ਸਟੇਸ਼ਨਰੀ ਆਦਿ ਲੈਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਪ੍ਰੀਖਿਆ ਕੇਂਦਰਾਂ (ਐਨ.ਸੀ.ਵੀ.ਟੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੁਲਾਈ 2017 ਦੀ ਪ੍ਰੀਖਿਆ, ਜੋ ਕਿ ਮਿਤੀ 18 ਜੁਲਾਈ 2017 ਨੂੰ ਸ਼ੁਰੂ ਹੋ ਰਹੀ ਹੈ, ਲਈ ਨੱਥੀ ਇੰਡੈਂਟ (ਜਿਸ ਵਿੱਚ ਸੈਂਟਰ ਵਿਖੇ ਅਪੀਅਰ ਹੋ ਰਹੇ ਸਿਖਿਆਰਥੀਆਂ ਦੇ ਸਮੈਸਟਰ ਵਾਈਜ਼ ਡਿਟੇਲ ਹੋਵੇ ਅਤੇ ਜੋ ਕਿ ਸੰਸਥਾ ਦੇ ਮੁਖੀ ਵੱਲੋਂ ਤਸਦੀਕ ਕੀਤਾ ਹੋਵੇ) 2 ਪਰਤਾ ਵਿੱਚ ਭਰਕੇ, ਉਸ ਅਨੁਸਾਰ ਲੋੜੀਂਦੀ ਓ.ਐਮ.ਆਰ ਸ਼ੀਟਾਂ/ਉੱਤਰ ਕਾਪੀਆਂ/ਗ੍ਰਾਫ ਪੇਪਰ/ਪ੍ਰੈਕਟੀਕਲ ਆਨਸਰ ਬੁੱਕ ਆਦਿ ਬੋਰਡ ਦਫਤਰ ਤੋਂ ਹੇਠ ਲਿਖੇ ਸ਼ਡਿਊਨ ਅਨੁਸਾਰ ਹਰ ਹਾਲਤ ਵਿੱਚ ਪ੍ਰਾਪਤ ਕਰ ਲਈਆਂ ਜਾਣ:

| ਲੜੀ ਨੰ: | ਜ਼ਿਲ੍ਹੇ ਵਿੱਚ ਸਥਿਤ ਪ੍ਰੀਖਿਆ ਕੇਂਦਰ (ਐਨ.ਸੀ.ਵੀ.ਟੀ ਅਧੀਨ) | ਮਿਤੀ |
|---|---|---|
| 1 | ਮੁਹਾਲੀ, ਪਟਿਆਲਾ, ਰੋਪੜ, ਫਤਿਹਗੜ੍ਹ ਸਾਹਿਬ, ਲੁਧਿਆਣਾ, ਨਵਾਂ ਸ਼ਹਿਰ, ਸੰਗਰੂਰ | 13-07-2017 |
| 2 | ਮਾਨਸਾ, ਫਰੀਦਕੋਟ, ਬਰਨਾਲਾ, ਕਪੂਰਥਲਾ, ਹੁਸ਼ਿਆਰਪੁਰ, ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ | 14-07-2017 |
| 3 | ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਬਠਿੰਡਾ, ਮੋਗਾ, ਫਾਜ਼ਿਲਕਾ, ਫਿਰੋਜ਼ਪੁਰ, ਜਲੰਧਰ | 17-07-2017 |

ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਮੁੱਖ ਪ੍ਰੀਖਿਆ ਕੇਂਦਰ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨਾਲ ਤਾਲਮੇਲ ਕਰਕੇ ਉਹਨਾਂ ਦੀ ਡਿਮਾਂਡ ਅਨੁਸਾਰ ਲੋੜੀਂਦੀ ਸਟੇਸ਼ਨਰੀ ਬੋਰਡ ਦਫਤਰ ਤੋਂ ਲੈ ਕੇ ਜਾਣ।

ਇਸ ਤੋਂ ਇਲਾਵਾ ਪ੍ਰੀਖਿਆ ਕੇਂਦਰ ਐਨ.ਸੀ.ਵੀ.ਟੀ ਦੇ ਸਿਖਿਆਰਥੀਆਂ ਨੂੰ ਡੀ.ਜੀ.ਟੀ, ਨਵੀਂ ਦਿੱਲੀ ਵੱਲੋਂ ਜਾਰੀ ਓ.ਐਮ.ਆਰ ਸ਼ੀਟਾਂ ਹੀ ਦੇਣਾ ਯਕੀਨੀ ਬਣਾਉਣ।

ਇਸ ਸਬੰਧ ਵਿੱਚ ਜੇਕਰ ਕਿਸੇ ਵੀ ਪ੍ਰੀਖਿਆ ਸੈਂਟਰ ਵੱਲੋਂ ਕਿਸੇ ਵੀ ਕਿਸਮ ਦੀ ਅਣਗਹਿਲੀ ਕੀਤੀ ਜਾਂਦੀ ਹੈ ਤਾਂ ਇਸ ਦੀ ਪੂਰਨ ਜ਼ਿੰਮੇਵਾਰੀ ਪ੍ਰੀਖਿਆ ਕੇਂਦਰ ਦੇ ਮੁਖੀ/ਪ੍ਰਿੰਸੀਪਲ ਦੀ ਹੋਵੇਗੀ।

ਇਸ ਤੋਂ ਇਲਾਵਾ ਪੰਜਾਬ ਰਾਜ ਦੀਆਂ ਨੋਡਲ ਸੰਸਥਾਵਾਂ ਕੁਝ ਓ.ਐਮ.ਆਰ ਸ਼ੀਟਾਂ ਬੋਰਡ ਤੋਂ ਜਿਆਦਾ ਲੈ ਕੇ ਜਾਣਗੀਆਂ ਕਿਉਂ ਜੋ ਜੇਕਰ ਸਬੰਧਤ ਜਿਲ੍ਹੇ ਦੇ ਕਿਸੇ ਪ੍ਰੀਖਿਆ ਕੇਂਦਰ ਨੂੰ ਪ੍ਰੀਖਿਆ ਦੌਰਾਨ ਹੋਰ ਸਟੇਸ਼ਨਰੀ ਦੀ ਲੋੜ ਪੈਂਦੀ ਹੈ ਤਾਂ ਉਸ ਹਾਲਤ ਵਿੱਚ ਉਹ ਜਿਲ੍ਹੇ ਦੀ ਨੋਡਲ ਸੰਸਥਾ ਤੋਂ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਫਿਰ ਵੀ ਜੇਕਰ ਕਿਸੇ ਪ੍ਰੀਖਿਆ ਕੇਂਦਰ ਕੋਲ ਓ.ਐਮ.ਆਰ ਸ਼ੀਟਾਂ/ਸਟੇਸ਼ਨਰੀ ਘੱਟ ਜਾਂਦੀ ਹੈ ਤਾਂ ਅਜਿਹੀ ਹਾਲਤ ਵਿੱਚ ਵੀ ਉਹ ਸੰਸਥਾ/ਪ੍ਰੀਖਿਆ ਕੇਂਦਰ ਬੋਰਡ ਤੋਂ ਸਮੇਂ ਸਿਰ ਸਟੇਸ਼ਨਰੀ/ਸ਼ੀਟਾਂ ਪ੍ਰਾਪਤ ਕਰ ਸਕਦੇ ਹਨ। ਉਪਰੋਕਤ ਤੋਂ ਇਲਾਵਾ ਸਮੂਹ ਪ੍ਰੀਖਿਆ ਕੇਂਦਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀਖਿਆ ਖਤਮ ਹੋਣ ਉਪਰੰਤ unused ਓ.ਐਮ.ਆਰ ਸ਼ੀਟਾਂ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਈਆਂ ਜਾਣ।

ਨੱਥੀ: ਉਪਰੋਕਤ ਅਨੁਸਾਰ

12.7.17
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਸਿਸਟਮ ਐਡਮਿਨਸਟਰੇਟਰ
3. ਐਡਮਿਨ ਸ਼ਾਖਾ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

**ਪ੍ਰੀਖਿਆ ਕੇਂਦਰ ਅਤੇ ਉਸ ਅਧੀਨ ਆਉਂਦੀਆਂ ਸੰਸਥਾਵਾਂ ਲਈ ਲੋੜੀਂਦੇ ਸਟੇਸ਼ਨਰੀ/ਸਾਜੋ ਸਮਾਨ ਦੀ ਲਿਸਟ/ਡਿਟੇਲ**

**ਐਨ.ਸੀ.ਵੀ.ਟੀ ਪ੍ਰੀਖਿਆ ਜੁਲਾਈ 2017 ਸਬੰਧੀ।**

ਪ੍ਰੀਖਿਆ ਕੇਂਦਰ ਦਾ ਨਾਂ: ..................................................................................................

ਪ੍ਰੀਖਿਆ ਕੇਂਦਰ ਦਾ ਕੋਡ: ..................................................................................................

ਪ੍ਰੀਖਿਆ ਕੇਂਦਰ ਅਧੀਨ ਆਉਂਦੀਆਂ ਸੰਸਥਾਵਾਂ: ..................................................................................

..................................................................................................................................

| ਲੜੀ ਨੰ: | ਸਮੈਸਟਰ/ਸਲਾਨਾ ਸਿਸਟਮ | ਸਿਖਿਆਰਥੀਆਂ ਦੀ ਗਿਣਤੀ | | ਲੋੜੀਂਦੀਆਂ ਓ.ਐਮ.ਆਰ ਸ਼ੀਟਾਂ (ਐਨ.ਸੀ.ਵੀ.ਟੀ) | ਲੋੜੀਂਦੀਆਂ ਓਲਡ ਪੈਟਰਨ ਦੀਆਂ ਆਨਸਰ ਬੁੱਕਾਂ | ਲੋੜੀਂਦੀਆਂ ਗ੍ਰਾਫ ਪੇਪਰ/ਡਰਾਇੰਗ ਸ਼ੀਟਾਂ | ਲੋੜੀਂਦੀਆਂ ਪ੍ਰੈਕਟੀਕਲ ਆਨਸਰ ਬੁੱਕਾਂ | Misc. / ਹੋਰ ਮਟੀਰੀਅਲ |
|---|---|---|---|---|---|---|---|---|
| | | ਰੈਗੂਲਰ | ਰੀਅਪੀਅਰ | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |

ਪ੍ਰੀਖਿਆ ਕੇਂਦਰ ਕੰਟਰੋਲਰ ਦੇ ਹਸਤਾਖਰ ਅਤੇ ਮੋਹਰ